# ਹਮੂ ਗੁਰ ਗੋਬਿੰਦ ਸਿੰਘ ਹਮੂ ਨਾਨਕ ਅਸ੍ਤ

**ਹਮੋ ਨਾਨਕ ਅਸ੍ਤ ਹਮੋ ਅੰਗਦ ਅਸ੍ਤ॥**

**ਹਮੋ ਅਮਰਦਾਸ ਅਫ਼ਜ਼ਲੋ ਅਮਜਦ ਅਸ੍ਤ॥੨੨॥**

ਅੰਦਰੋਂ ਨਾਨਕ ਵੀ ਉਹੀ ਹੈ, ਅੰਗਦ ਵੀ ਉਹੀ ਹੈ।

ਬਖ਼ਸ਼ਿਸ਼ ਅਤੇ ਵਡੀ ਵਡਿਆਈ ਦਾ ਮਾਲਕ ਅਮਰਦਾਸ ਵੀ ਉਹੀ ਹੈ।੨੨।

**ਹਮੋ ਰਾਮਦਾਸੋ ਹਮੋ ਅਰਜਨ ਅਸ੍ਤ॥**

**ਹਮੋ ਹਰਿਗੋਬਿੰਦ ਅਕ੍ਰਮੋ ਅਹਸਨ ਅਸ੍ਤ॥੨੩॥**

ਉਹੀ ਰਾਮਦਾਸ ਅਤੇ ਉਹੀ ਅਰਜਨ ਹੈ।

ਸਭ ਤੋਂ ਵਡਾ ਅਤੇ ਚੰਗਾ ਹਰਿਗੋਬਿੰਦ ਵੀ ਉਹੀ ਹੈ।੨੪।

**ਹਮੂ ਅਸ੍ਤ ਹਰਿਰਾਇ ਕਰਤਾ ਗੁਰੂ॥**

**ਬਦੋ ਆਸ਼ਕਾਰਾ ਹਮਹ ਪੁਸ਼੍ਤ ਰੂ॥੨੪॥**

ਉਹੀ ਹਰਿਰਾਇ ਕਰਤਾ ਗੁਰੂ ਹੈ,

ਜਿਸ ਨੂੰ ਹਰ ਚੀਜ਼ ਦਾ ਅੰਦਰ ਬਾਹਰ ਸਾਫ਼ ਪ੍ਰਗਟ ਹੋ ਜਾਂਦਾ ਹੈ।੨੪।

**ਹਮੂ ਹਰਿਕ੍ਰਿਸ਼ਨ ਆਮਦਹ ਸਰ ਬੁਲੰਦ॥**

**ਅਜ਼ੋ ਹਾਸਿਲ ਉਮੀਦ ਹਰ ਮੁਸਤ ਮੰਦ॥੨੫॥**

ਉਹੀ ਸਿਰ-ਕਢ ਅਤੇ ਸਭ ਤੋਂ ਵਖਰਾ ਹਰਿਕ੍ਰਿਸ਼ਨ ਹੈ

ਜਿਸ ਤੋਂ ਹਰ ਜ਼ਰੂਰਤ ਮੰਦ ਦੀ ਆਸ ਪੂਰੀ ਹੁੰਦੀ ਹੈ।੨੫।

**ਹਮੂ ਅਸ੍ਤ ਤੇਗ਼ੋ ਬਹਾਦਰ ਗੁਰੂ॥**

**ਕਿ ਗੋਬਿੰਦ ਸਿੰਘ ਆਮਦ ਅਜ਼ ਨੂਰਿ ਊ॥੨੬॥**

ਉਹੀ ਗੁਰੂ ਤੇਗ ਬਹਾਦਰ ਹੈ।

ਜਿਸ ਵਿਚੋਂ ਨਿਕਲਦੇ ਨੂਰ ਤੋਂ ਗੋਬਿੰਦ ਸਿੰਘ ਪ੍ਰਗਟ ਹੋਇਆ ਹੈ।੨੬।

**ਹਮੂ ਗੁਰ ਗੋਬਿੰਦ ਸਿੰਘ ਹਮੂ ਨਾਨਕ ਅਸ੍ਤ॥**

## ਹਮੂ ਰਤਨ ਜੌਹਰ ਹਮੂ ਮਾਣਕ ਅਸ੍ਤ॥੨੭॥

ਉਹੀ ਗੁਰੂ ਗੋਬਿੰਦ ਸਿੰਘ ਹੈ ਉਹੀ ਗੁਰੂ ਨਾਨਕ ਹੈ।

ਉਹੀ ਰਤਨ ਹੈ ਉਹੀ ਹੀਰਾ ਹੈ ਉਹੀ ਮਾਣਕ ਹੈ, ਭਾਵ, ਸਾਰੇ ਖ਼ਜ਼ਾਨੇ ਵੀ ਉਹ ਆਪ ਹੀ ਹੈ।

ਉਪਰ ਦਿਤੀਆਂ ਸਭ ਸੱਤਰਾਂ, ਭਾਈ ਨੰਦ ਲਾਲ ਜੀ ਰਚਿਤ '**ਜੋਤ ਬਿਗਾਸ**' ਵਿਚੋਂ ਹਨ। ਇਹ ਸਭ ਕੁਝ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਛਤਰ ਛਾਇਆ ਵਿਚ, ਉਨ੍ਹਾਂ ਦੀ ਆਗਿਆ ਨਾਲ ਅੰਕਤ ਕੀਤਾ ਗਿਆ। ਇਹ ਸੱਚ, ਦਸਵੇਂ ਪਾਤਸ਼ਾਹ ਦੀ ਆਪਣੀ ਬਾਣੀ ਤੋਂ ਵੀ ਸਾਬਤ ਹੁੰਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਵੀ।

ਦਸਵੇਂ ਪਾਤਸ਼ਾਹ, ਆਪਣੀ ਬਾਣੀ, ਬਚਿਤ੍ਰ ਨਾਟਕ ਵਿਚ ਫ਼ੁਰਮਾਣ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਸ੍ਰੀ ਗੁਰੂ ਅੰਗਦ ਸਾਹਿਬ ਮੰਨਿਆਂ ਗਿਆ ਅਤੇ ਸ੍ਰੀ ਗੁਰੂ ਅੰਗਦ ਸਾਹਿਬ ਨੂੰ ਸ੍ਰੀ ਗੁਰੂ ਅਮਰਦਾਸ ਸਾਹਿਬ ਵਜੋਂ ਪਛਾਣਿਆ ਗਿਆ - 'ਸ੍ਰੀ ਨਾਨਕ ਅੰਗਦਿ ਕਰਿ ਮਾਨਾ॥ ਅਮਰਦਾਸ ਅੰਗਦ ਪਹਿਚਾਨਾ॥' ਅਗੋਂ ਫ਼ੁਰਮਾਣ ਕਰਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ, ਸ੍ਰੀ ਗੁਰੂ ਰਾਮਦਾਸ ਸਾਹਿਬ ਕਹਾਏ। ਇਸ ਰਾਜ਼ ਨੂੰ ਸਾਧ ਜਨਾਂ, ਭਗਤ ਜਨਾਂ, ਗੁਰਸਿਖਾਂ ਨੇ ਤਾਂ ਸਮਝ ਲਿਆ ਪਰ ਮੂਰਖ ਲੋਕ ਨਾ ਸਮਝ ਸਕੇ - 'ਅਮਰਦਾਸ ਰਾਮਦਾਸ ਕਹਾਯੋ॥ ਸਾਧਨ ਲਖਾ ਮੂੜ ਨਹਿ ਪਾਯੋ॥' ਅਗਲੇ ਬਚਨ ਫ਼ੈਸਲਾਕੁਨ ਹਨ। ਸ੍ਰੀ ਗੁਰੂ ਕਲਗੀਧਰ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਸਭ ਲੋਕਾਂ ਨੇ ਇਨ੍ਹਾਂ ਨੂੰ ਵਖ ਵਖ ਕਰ ਕੇ ਜਾਣਿਆ ਹੈ ਪਰ ਕਿਸੇ ਵਿਰਲੇ ਨੇ ਇਨ੍ਹਾਂ ਸਭ ਨੂੰ ਇਕੋ ਰੂਪ ਵਿਚ ਪਛਾਣਿਆ ਹੈ। ਜਿਨ੍ਹਾਂ ਨੇ ਸਾਰੇ ਗੁਰੂ ਸਾਹਿਬਾਨ ਨੂੰ ਇਕ ਰੂਪ ਵਿਚ ਜਾਣਿਆ ਹੈ, ਉਨ੍ਹਾਂ ਨੇ ਹੀ ਮੁਕਤ ਪਦਾਰਥ ਹਾਸਲ ਕੀਤਾ ਹੈ। ਇਸ ਭੇਦ ਨੂੰ ਸਮਝੇ ਬਿਨਾਂ ਕੋਈ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ - 'ਭਿੰਨ ਭਿੰਨ ਸਭਹੂੰ ਕਰਿ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥ ਜਿਨ ਜਾਨਾ ਤਿਨ ਹੀ ਸਿਧਿ ਪਾਈ॥ ਬਿਨੁ ਸਮਝੇ ਸਿਧਿ ਹਾਥਿ ਨ ਆਈ॥'

ਉਪਰ ਦਿਤੀਆਂ ਰਚਨਾਵਾਂ ਪਿਛੇ ਦਾ ਅਧਾਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਹੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੀ ਜੋਤਿ ਦਾ, ਸ੍ਰੀ ਗੁਰੂ ਅੰਗਦ

ਸਾਹਿਬ ਵਿਚ ਤਬਦੀਲ ਹੋ ਜਾਣਾ, ਪੰਨਾ ੯੬੬ ਤੇ, ਇਉਂ ਅੰਕਤ ਹੈ ਕਿ ਉਹੀ ਜੋਤਿ ਹੈ, ਉਹੀ ਸੱਤਾ ਹੈ, ਸਿਰਫ਼, ਮਾਲਕ ਗੁਰੂ ਨੇ ਕਾਇਆ ਹੀ ਪਲਟੀ ਹੈ, ਆਪ ਹੀ ਆਪਣੇ ਵਿਚ ਮਿਲਾ ਕੇ, ਸਾਰੇ ਸਮੁਚੇ ਵਿਚ ਜੋਤਿ ਸਮਾ ਦਿਤੀ ਅਤੇ ਸਾਰੀਆਂ ਡਾਲੀਆਂ (ਸਿਖੀ) ਦੇ ਤਖ਼ਤ ਨੂੰ ਮੱਲ ਕੇ ਬੈਠਾ ਹੈ - 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।।..ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ।।..ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ।।' ਇਕ ਹੋਰ ਨੋਟ ਕਰਣ ਵਾਲੀ ਗਲ ਹੈ ਕਿ ਸਿਖ ਵੀ ਗੁਰੂ ਦੀਆਂ ਡਾਲੀਆਂ, ਭਾਵ ਹਿੱਸਾ ਹੀ ਹਨ।

ਪੰਨਾ ੯੬੮ ਤੇ, ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਸਾਹਿਬ, ਉਨ੍ਹਾਂ ਨੂੰ ਹੀ ਭਾਈ ਲਹਿਣਾ, ਭਾਵ, ਸ੍ਰੀ ਗੁਰੂ ਅੰਗਦ ਸਾਹਿਬ ਅਤੇ ਉਨ੍ਹਾਂ ਨੂੰ ਹੀ ਸ੍ਰੀ ਗੁਰੂ ਅਮਰਦਾਸ ਸਾਹਿਬ ਕਿਹਾ ਗਿਆ ਹੈ - 'ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ।।..ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ।।' ਅਤੇ ਸਪੱਸ਼ਟ ਤੌਰ ਤੇ ਬਚਨ ਹੈ ਕਿ ਪੰਜਵੇਂ ਪਾਤਸ਼ਾਹ ਦੇ ਰੂਪ ਵਿਚ, ਗੁਰੂ ਨਾਨਕ ਆਪ ਹੀ ਆਇਆ ਹੈ। ਇਸ ਤੋਂ ਵਧ ਸਪੱਸ਼ਟਤਾ ਹੋਰ ਕੀ ਹੋਵੇ ਕਿ ਦਸ ਦੇ ਦਸ ਪਾਤਸ਼ਾਹ ਇਕ ਹੀ ਹਨ, ਸਿਰਫ਼ ਰੂਪ ਹੀ ਵਟਾਏ ਹਨ !

ਭਾਈ ਗੁਰਦਾਸ ਜੀ ਨੇ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਕਰਤਬਾਂ ਨੂੰ ਵੇਖ ਕੇ ਕੁਝ ਕੁ ਦੇ ਮਨਾਂ ਵਿਚ ਸ਼ੰਕੇ ਖੜੇ ਹੋਏ ਸਨ। ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਦਸ ਦਿਤਾ ਕਿ ਗੁਰੂ ਅਰਜਨ ਨੇ ਹੀ ਆਪਣੀ ਕਾਇਆ ਪਲਟ ਕੇ, ਗੁਰੂ ਹਰਿਗੋਬਿੰਦ ਦੀ ਮੂਰਤ ਸੁਆਰ ਲਈ - 'ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।।', ਵਾਰ ੧:੪੮.

ਇਹ ਸਾਰੇ ਫ਼ੁਰਮਾਣ ਬਿਲਕੁਲ ਸਪੱਸ਼ਟ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਦਸਵੇਂ ਪਾਤਸ਼ਾਹ ਤਕ ਇਕ ਹੀ ਜੋਤਿ ਹਨ, ਜੁਗਤਿ, ਪ੍ਰਭੂਸਤਾ Sovereignty ਵੀ ਉਹੀ ਹੈ। ਜੋ ਵੀ ਵਖਰਾ ਕਰ ਕੇ ਜਾਣਦਾ ਹੈ ਉਹ ਭੁਲਿਆ ਹੋਇਆ ਹੈ। ਦਸ ਪਾਤਸ਼ਾਹਾਂ ਦੇ ਸਾਰੇ ਕਾਰਜ, ਇਕ ਹੀ ਲੜੀ ਵਿਚ ਪਰੋਏ ਹੋਏ ਹਨ, ਬਿਲਕੁਲ ਵੀ ਵਖ ਵਖ ਨਜ਼ਰੀਏ ਨਾਲ ਨਹੀਂ ਵੇਖੇ ਜਾਣੇ

ਚਾਹੀਦੇ। ਉਨ੍ਹਾਂ ਦੀਆਂ ਰਚਨਾਵਾਂ ਵੀ ਇਕ ਸਾਰ ਹਨ। ਕੋਈ ਵਖਰੇਵਾਨਹੀਂ। ਬਿਨਾਂ ਪੜ੍ਹੇ, ਬਿਨਾਂ ਸਮਝੇ, ਕੋਈ ਟੀਕਾ-ਟਿੱਪਣੀ ਕਰਨੀ, ਸਿਰਫ਼ ਅਗਿਆਨਤਾ ਹੀ ਹੋ ਸਕਦੀ ਹੈ, ਜਾਂ ਫ਼ਿਰ ਸੋਚੀ ਸਮਝੀ ਸਾਜ਼ਿਸ਼।



15.9.2020